## ਪੰਜਾਬ ਸਕੂਲ ਸਿੱਖਿਆ ਬੋਰਡ

ਵੱਲ,

1) ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਸੈਕੰਡਰੀ,ਐਲੀਮੈਂਟਰੀ ਸਿੱਖਿਆ)

2) ਸਮੂਹ ਸਕੂਲ ਮੁਖੀ

3) ਮੁਲਾਂਕਣ ਕੇਂਦਰਾਂ ਦੇ ਮੁਖੀ/ਇੰਚਾਰਜ

ਨੰ: ਪਸਸਬ-ਸ:ਸ:ਪੰ:/ਅੱ.....289..... ਮਿਤੀ: ...20-05-2022

**ਵਿਸ਼ਾ:- ਉੱਤਰ ਪੱਤਰੀਆਂ ਦੇ ਮੁਲਾਂਕਣ ਵਿੱਚ ਤੇਜੀ ਲਿਆਉਣ ਸਬੰਧੀ।**

ਉਪਰੋਕਤ ਵਿਸ਼ੇ ਸਬੰਧੀ ਖੇਤਰ ਵਿੱਚੋਂ ਆ ਰਹੀ ਪੁੱਛ-ਗਿੱਛ ਅਤੇ ਉੱਤਰ ਪੱਤਰੀਆਂ ਦੇ ਮੁਲਾਂਕਣ ਦੀਆਂ ਮੁਸ਼ਕਿਲਾਂ ਦੇ ਸਬੰਧ ਵਿੱਚ ਹੇਠ ਅਨੁਸਾਰ ਲਿਖਦੇ ਹੋਏ ਸਪੱਸ਼ਟ ਕੀਤਾ ਜਾਂਦਾ ਹੈ ਕਿ:-

1) ਜ਼ਿਲ੍ਹਾ ਸਿੱਖਿਆ ਅਫਸਰਾਂ ਦੀ ਸਹਿਮਤੀ ਨਾਲ ਬਣੇ ਮੁਲਾਂਕਣ ਕੇਂਦਰ (Answer Sheet/s Evaluation centre) ਵਿਖੇ ਉੱਤਰ ਪੱਤਰੀਆਂ ਦੀ ਮਾਰਕਿੰਗ ਸਕੂਲਾਂ ਦੇ ਅਧਿਆਪਕਾਂ ਅਤੇ ਅਮਲੇ ਵੱਲੋ ਕੀਤੀ ਜਾ ਰਹੀ ਹੈ ਅਤੇ ਮੁਲਾਂਕਣ ਦਾ ਕੰਮ ਟੇਬਲ ਮਾਰਕਿੰਗ ਕਰਕੇ ਕੀਤਾ ਜਾਣਾ ਹੈ, ਇਸ ਕਰਕੇ evaluation ਕੇਂਦਰ ਤੋ ਬਾਹਰ ਉੱਤਰ ਪੱਤਰੀਆਂ ਲਿਜਾਣ ਦੀ ਸਖ਼ਤ ਮਨਾਹੀ ਹੈ;

2) ਨਤੀਜੇ ਜਲਦੀ ਘੋਸ਼ਿਤ ਕਰਨ ਦੀ ਲੋੜ ਹੋਣ ਕਰਕੇ ਸਕੂਲ ਮੁਖੀ ਸਬੰਧਤ ਵਿਸ਼ੇ ਦੇ ਅਧਿਆਪਕਾਂ ਨੂੰ ਮੁਲਾਂਕਣ ਕੇਂਦਰ ਵਿਖੇ ਪਹੁੰਚ ਕਰਨ ਲਈ ਤੁਰੰਤ ਭੇਜਣਾ ਯਕੀਨੀ ਬਣਾਉਣ ਅਤੇ ਇਹ ਕਾਰਜ ਸਰਕਾਰ ਵੱਲੋ ਘੋਸ਼ਿਤ ਕੀਤੀਆਂ ਗਈਆਂ ਜੂਨ ਮਹੀਨੇ ਦੀਆਂ ਛੁੱਟੀਆਂ ਵਿੱਚ ਵੀ ਕੁੱਝ ਦਿਨ ਚੱਲਣਾ ਹੈ। ਇਸ ਕਰਕੇ ਉੱਤਰ ਪੱਤਰੀਆਂ ਦਾ ਮੁਲਾਂਕਣ ਕਰਨ ਵਾਲਾ ਸਮੁੱਚਾ ਅਮਲਾ ਉੱਤਰ ਪੱਤਰੀਆਂ ਦੇ ਮੁਲਾਂਕਣ ਦੇ ਕੰਮ ਨੂੰ ਪਹਿਲ ਦੇ ਅਧਾਰ ਤੇ ਨਿਬੇੜਣਗੇ;

3) ਜੇਕਰ ਕਿਸੇ ਅਧਿਆਪਕ ਦੀ ਅਤਿਅੰਤ ਪ੍ਰਸ਼ਾਸ਼ਕੀ/ਦਫਤਰੀ ਲੋੜ ਪੂਰੀ ਕਰਨ ਲਈ ਉਸ ਦੇ ਸਕੂਲ ਵਿਖੇ ਵੀ ਲੋੜ ਹੋਵੇ ਤਾਂ ਸਕੂਲ ਮੁਖੀ ਆਪਣੇ ਰਿਕਾਰਡ ਵਿੱਚ ਦਰਜ ਕਰਦੇ ਹੋਏ ਮੁਲਾਂਕਣ ਕੇਂਦਰ ਦੇ ਇੰਚਾਰਜ/ਮੁਖੀ ਨੂੰ ਸੂਚਿਤ ਕਰੇਗਾ ਕਿ ਮੁਲਾਂਕਣ ਕਰਤਾ ਅਧਿਆਪਕ/ਅਮਲੇ ਦੀ ਕਿੰਨੇ ਘੰਟੇ/ਸਮੇਂ ਲਈ ਸਕੂਲ ਵਿੱਚ ਜ਼ਰੂਰਤ ਹੈ, ਤਾਂ ਜੋ ਉੱਤਰੀ ਪੱਤਰੀਆਂ ਦੇ ਮੁਲਾਂਕਣ ਦੇ ਕੰਮ ਅਤੇ ਸਕੂਲ ਦੀ ਅਚਾਨਕ ਬਣੀ ਨਾ-ਟਾਲਣਯੋਗ ਪ੍ਰਸ਼ਾਸ਼ਕੀ ਲੋੜ ਵਿੱਚ ਆਪਸੀ ਸੰਤੁਲਨ ਰੱਖਿਆ/ਰੱਖਵਾਇਆ ਜਾ ਸਕੇ।

4) ਉੱਤਰ ਪੱਤਰੀਆਂ ਦੇ ਮੁਲਾਂਕਣ ਲਈ ਬਾਕੀ ਹਦਾਇਤਾਂ ਮੁਲਾਂਕਣ ਕੇਂਦਰ ਦੇ ਲਾਗ-ਇੰਨ ਵਿੱਚ ਵੀ ਉਪਲੱਬਧ ਹਨ।

ਧੰਨਵਾਦ ਸਹਿਤ।

20.05.2022

ਜੇ.ਆਰ.ਮਹਿਰੋਕ

ਕੰਟਰੋਲਰ (ਪ੍ਰੀਖਿਆਵਾਂ)